ਇਮੀਗ੍ਰੇਸ਼ਨ ਡਿਫੈਂਸ ਪ੍ਰੋਜੈਕਟ ਕਮਿਊਨਿਟੀ ਵਿੱਚ ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ (ਆਈਸੀਈ) ਗ੍ਰਿਫਤਾਰੀਆਂ ਦੀ ਨਿਗਰਾਨੀ ਕਰਦਾ ਆ ਰਿਹਾ ਹੈ।

# ਆਈਸੀਈ ਨਾਲ ਆਪਣੇ ਹੱਕਾਂ (ਅਧਿਕਾਰਾਂ) ਨੂੰ ਪਛਾਣੋ।

## ਆਈਸੀਈ ਦੁਆਰਾ ਗ੍ਰਿਫਤਾਰ ਕੀਤੇ ਜਾਣ ਦਾ ਜੋਖਮ ਕਿਸਨੂੰ ਹੈ?

**ਕਾਨੂੰਨ ਸੰਘੀ ਸਰਕਾਰ ਨੂੰ ਕੁਝ ਪ੍ਰਵਾਸੀਆਂ ਨੂੰ ਦੇਸ਼ ਨਿਕਾਲਾ ਦੇਣ ਦੀ ਇਜਾਜ਼ਤ ਦਿੰਦਾ ਹੈ, ਜਿਸ ਵਿੱਚ ਨਿਮਨਲਿਖਿਤ ਲੋਕ ਸ਼ਾਮਲ ਹਨ:**

- ਕਾਨੂੰਨੀ ਇਮੀਗ੍ਰੇਸ਼ਨ ਸਥਿਤੀ ਤੋਂ ਬਿਨਾਂ ਕੋਈ ਵੀ
- ਅਜਿਹੀ ਸਥਿਤੀ ਵਾਲੇ ਲੋਕ (ਉਦਾਹਰਣ ਵਜੋਂ, ਕਾਨੂੰਨੀ ਸਥਾਈ ਨਿਵਾਸੀ, ਸ਼ਰਨਾਰਥੀ ਅਤੇ ਵੀਜ਼ਾ ਧਾਰਕ) ਜਿਨ੍ਹਾਂ ’ਤੇ ਕੁਝ ਅਪਰਾਧਿਕ ਦੋਸ਼ ਹਨ।




**ਸੰਘੀ ਸਰਕਾਰ ਆਈਸੀਈ ਨੂੰ ਦੱਸਦੀ ਹੈ ਕਿ ਉਹਨਾਂ ਨੂੰ ਪਹਿਲ ਦੇ ਆਧਾਰ ’ਤੇ ਕਿਸ ਨੂੰ ਗ੍ਰਿਫਤਾਰ ਕਰਨਾ ਚਾਹੀਦਾ ਹੈ। ਅਧਿਕਾਰੀ ਇਹ ਫੈਸਲਾ ਕਰਦੇ ਹਨ ਕਿ ਕੀ ਉਹ ਅਸਲ ਵਿੱਚ ਉਹ ਕਿਸਨੂੰ ਗ੍ਰਿਫਤਾਰ ਕਰਦੇ ਸਕਦੇ ਹਨ, ਉਹਨਾਂ ਲੋਕਾਂ ਸਮੇਤ ਜਿਨ੍ਹਾਂ ਬਾਰੇ ਉਹ ਦਾਅਵਾ ਕਰਦੇ ਹਨ ਕਿ ਉਹ:**

- ਵਿਰੁੱਧ ਹਟਾਉਣ ਦੇ ਅੰਤਿਮ ਹੁਕਮ (ਦੇਸ਼ ਨਿਕਾਲੇ ਦੇ ਹੁਕਮ) ਹਨ,
- ਦੇਸ਼ ਨਿਕਾਲੇਯੋਗ ਹਨ ਅਤ ਜਿੰਨ੍ਹਾਂ ’ਤੇ ਪਹਿਲਾਂ ਤੋਂ ਹੀ ਲੰਬਿਤ ਅਪਰਾਧਿਕ ਕੇਸ ਅਤੇ/ਜਾਂ ਦੋਸ਼ ਹਨ,
- ਜੋ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿੱਚ ਦਾਖਲ ਹੋਏ ਹਨ ਅਤੇ ਜਿਨ੍ਹਾਂ ਕੋਲ ਇਮੀਗ੍ਰੇਸ਼ਨ ਦਰਜਾ ਨਹੀਂ ਹੈ, ਜਾਂ
- ਜੋ “ਜਨਤਕ ਸੁਰੱਖਿਆ” ਜਾਂ ”ਰਾਸ਼ਟਰੀ ਸੁਰੱਖਿਆ” ਲਈ ਖ਼ਤਰਾ ਹੈ।

ਸੰਘੀ ਪ੍ਰਸ਼ਾਸਨ ਇਹਨਾਂ ਪ੍ਰਾਥਮਿਕਤਾਵਾਂ ਨੂੰ ਬਦਲ ਸਕਦਾ ਹੈ। ਭਾਵੇਂ ਤੁਹਾਨੂੰ ਲੱਗਦਾ ਹੈ ਕਿ ਤੁਸੀਂ ਇਹਨਾਂ ਗ੍ਰਿਫਤਾਰੀ ਪ੍ਰਾਥਮਿਕਤਾਵਾਂ ਵਿੱਚ ਨਹੀਂ ਆਉਂਦੇ, ਫਿਰ ਵੀ ਆਈਸੀਈ ਤੁਹਾਨੂੰ ਗ੍ਰਿਫਤਾਰ ਕਰਨ ਦਾ ਫੈਸਲਾ ਕਰ ਸਕਦਾ ਹੈ ਜੇਕਰ ਤੁਸੀਂ ਦੇਸ਼ ਨਿਕਾਲੇ ਲਈ ਕਮਜ਼ੋਰ ਸਥਿਤੀ ਵਿੱਚ ਹੋ।

### ਉਨ੍ਹਾਂ ਲੋਕ ਜਿਨ੍ਹਾਂ ਕੋਲ ਕਾਨੂੰਨੀ ਰੁਤਬਾ ਹੈ ਅਤੇ ਪੁਰਾਣੇ ਦੋਸ਼ਾਂ ਹੋਣ।

**ਧਿਆਨ ਰੱਖੋ**: ਤੁਸੀਂ ਇੱਕ ਨਿਸ਼ਾਨਾ ਹੋ ਸਕਦੇ ਹੋ ਭਾਵੇਂ:

- ਤੁਹਾਡਾ ਦੋਸ਼ / ਸਜ਼ਾ ਕਈ ਸਾਲ ਪਹਿਲਾਂ ਦੀ ਹੈ;
- ਤੁਸੀਂ ਜੇਲ੍ਹ ਵਿੱਚ ਸਮਾਂ ਨਹੀਂ ਗੁਜ਼ਾਰਿਆ;
- ਤੁਹਾਡਾ ਕੇਸ ਮਾਮੂਲੀ ਜਾਂ ਕੁਕਰਮ ਸੀ;
- ਤੁਸੀਂ ਕਾਫ਼ੀ ਲੰਬੇ ਸਮੇਂ ਤੋਂ ਸਥਾਈ ਕਾਨੂੰਨੀ ਨਿਵਾਸੀ ਰਹੇ ਹੋ; ਅਤੇ/ਜਾਂ
- ਤੁਹਾਡੇ ਪਰਿਵਾਰ ਦੇ ਬਾਕੀ ਸਾਰੇ ਮੈਂਬਰ ਅਮਰੀਕਾ ਦੇ ਨਾਗਰਿਕ ਹਨ।

ਇਮੀਗ੍ਰੇਸ਼ਨ ਅਤੇ ਕਸਟਮਜ਼ ਐਨਫੋਰਸਮੈਂਟ (ਆਈਸੀਈ) ਸੰਘੀ ਸਰਕਾਰੀ ਏਜੰਸੀਆਂ ਵਿੱਚੋਂ ਇੱਕ ਹੈ ਜੋ ਲੋਕਾਂ ਨੂੰ ਦੇਸ਼ ਨਿਕਾਲਾ ਦੇਣ ਲਈ ਜ਼ਿੰਮੇਵਾਰ ਹੈ। ਆਈਸੀਈ ਅਮਰੀਕੀ ਹੋਮਲੈਂਡ ਸੁਰੱਖਿਆ ਵਿਭਾਗ (ਡੀਐੱਚਐਸ) ਦਾ ਹਿੱਸਾ ਹੈ।

## ਕੀ ਏਜੰਟ ਕਿਸੇ ਅਜਿਹੇ ਵਿਅਕਤੀ ਨਾਲ ਸੰਪਰਕ ਕਰ ਰਹੇ ਹਨ ਜਿਸਨੂੰ ਉਹ ਸੋਚਦੇ ਹਨ ਕਿ ਉਹ ਦੇਸ਼ ਨਿਕਾਲਾ ਦੇ ਸਕਦੇ ਹਨ?

ਅਈਸੀਈ ਏਜੰਟ ਆਮ ਤੌਰ ’ਤੇ ਉਸ ਵਿਅਕਤੀ ਦੀ ਪਛਾਣ ਕਰਦੇ ਹਨ ਜਿਸਨੂੰ ਉਹ ਸਮੇਂ ਤੋਂ ਪਹਿਲਾਂ ਗ੍ਰਿਫਤਾਰ ਕਰਨਾ ਚਾਹੁੰਦੇ ਹਨ। ਫਿਰ ਉਹ ਉਸ ਵਿਅਕਤੀ ਨੂੰ ਲੱਭਣ ਲਈ ਘਰਾਂ, ਅਦਾਲਤਾਂ, ਆਸਰਾ ਸਥਾਨਾਂ ਅਤੇ ਕਾਰਜ ਸਥਾਨਾਂ ’ਤੇ ਜਾਂਦੇ ਹਨ। ਕਈ ਵਾਰ ਉਹ ਕਿਸੇ ਵਿਅਕਤੀ ਨੂੰ ਲੱਭਣ ਦੇ ਹੋਰ ਤਰੀਕਿਆਂ ਬਾਰੇ ਜਾਣਕਾਰੀ ਇਕੱਠੀ ਕਰਨ ਲਈ ਕਿਸੇ ਘਰ ਜਾਂਦੇ ਹਨ, ਜਿਵੇਂ ਕਿ ਉਨ੍ਹਾਂ ਦੇ ਕੰਮ ਕਰਨ ਦੀ ਥਾਂ ’ਤੇ ਜਾਣਾ। ਜ਼ਿਆਦਾਤਰ, ਉਹ ਗ੍ਰਿਫਤਾਰੀ ਕਰਨ ਲਈ ਸੜਕ ’ਤੇ ਉਡੀਕ ਵੀ ਕਰਦੇ ਹਨ।

ਆਈਸੀਈ ਏਜੰਟਾਂ ਲਈ ਲੋਕਾਂ ਕੋਲ ਜਾਣਾ ਅਤੇ ਸਿਰਫ਼ ਉਨ੍ਹਾਂ ਦੇ ਦਿੱਖ ਜਾਂ ਬੋਲੀ ਦੇ ਆਧਾਰ ਉਨ੍ਹਾਂ ਦੇ ਦਸਤਾਵੇਜ਼ ਮੰਗਣਾ ਗੈਰ-ਕਾਨੂੰਨੀ ਹੈ। **ਜੇਕਰ ਅਜਿਹਾ ਹੁੰਦਾ ਹੈ, ਤਾਂ ਆਈਸੀਈ ਨਾਲ ਕਿਸੇ ਵੀ ਤਰ੍ਹਾਂ ਦੀ ਗੱਲਬਾਤ ਦੌਰਾਨ, ਤੁਹਾਨੂੰ ਚੁੱਪ ਰਹਿਣ ਦਾ ਅਧਿਕਾਰ ਹੈ।**

## ਜੇਕਰ ਮੈਨੂੰ ਪਤਾ ਲੱਗ ਜਾਵੇ ਕਿ ਮੈਂ ਜ਼ੋਖਮ ’ਤੇ ਹਨ ਤਾਂ ਮੈਂ ਕੀ ਕਰ ਸਕਦਾ/ਸਕਦੀ ਹਾਂ?

- ਜੇਕਰ ਤੁਸੀਂ ਆਈਸੀਈ ਅਧਿਕਾਰੀਆਂ ਦੁਆਰਾ ਗ੍ਰਿਫ਼ਤਾਰ ਕੀਤੇ ਜਾਂਦੇ ਹੋ ਤਾਂ ਆਪਣੇ ਅਜ਼ੀਜ਼ਾਂ ਨਾਲ **ਇੱਕ ਯੋਜਨਾ ਬਣਾਓ!**
- ਇਮੀਗ੍ਰੇਸ਼ਨ ਅਧਿਕਾਰੀ ਦੇ ਸੰਪਰਕ ’ਚ ਆਉਣ ਤੋਂ ਬਚੋ – ਬਿਨਾਂ ਆਪਣੇ ਵਕੀਲ ਦੀ ਸਲਾਹ ਦੇ ਆਪਣੀ ਇਮੀਗ੍ਰੇਸ਼ਨ ਸਥਿਤੀ ਨੂੰ ਬਦਲਣ ਜਾਂ ਆਪਣੇ ਗ੍ਰੀਨਕਾਰਡ ਨੂੰ ਨਵਿਆਉਣ ਲਈ ਅਰਜ਼ੀ ਨਾ ਦਿਓ ਅਤੇ ਅਤੇ ਨਾ ਹੀ ਸੰਯੁਕਤ ਰਾਜ ਅਮਰੀਕਾ ਤੋਂ ਬਾਹਰ ਯਾਤਰਾ ਨਾ ਕਰੋ!
- **ਅਪਰਾਧ ਨਿਆਂ ਪ੍ਰਣਾਲੀ (ਕ੍ਰਿਮਿਨਲ ਜਸਟਿਸ ਸਿਸਟਮ ਨਾਲ ਸੰਪਰਕ ਤੋਂ ਬਚੋ** – ਪੁਲਿਸ ਤੁਹਾਡੇ ਉਂਗਲਾਂ ਦੇ ਨਿਸ਼ਾਨ ਇਮੀਗ੍ਰੇਸ਼ਨ ਨਾਲ ਸਾਂਝੇ ਕਰ ਸਕਦੀ ਹੈ।

### ਜੇਕਰ ਤੁਸੀਂ ਜਾਂ ਤੁਹਾਡੇ ਕਿਸੇ ਪਿਆਰੇ ਨੂੰ ਦੇਸ਼ ਨਿਕਾਲੇ ਦਾ ਖਤਰਾ ਹੈ, ਤਾਂ ਇੱਕ ਯੋਜਨਾ ਦੀ ਤਿਆਰੀ ਕਰਕੇ ਰੱਖੋ !

ਤੁਹਾਡੇ ਕੋਲ ਕਿਹੜੇ ਅਧਿਕਾਰ ਹਨ, ਇਹ ਜਾਣਨਾ ਅਤੇ ਉਨ੍ਹਾਂ ਦੀ ਵਰਤੋਂ ਕਰਨ ਗੁੰਝਲਦਾਰ ਹੈ, ਵਧੇਰੇ ਜਾਣਕਾਰੀ ਲਈ: immdefense.org/kyr

ਇਹ ਸਮੱਗਰੀ ਜਾਣਕਾਰੀ ਦੇ ਉਦੇਸ਼ਾਂ ਲਈ ਪ੍ਰਦਾਨ ਕੀਤੀ ਜਾਂਦੀ ਹੈ ਅਤੇ ਇਸ ਵਿੱਚ ਕਿਸੇ ਤਰ੍ਹਾਂ ਦੀ ਕਾਨੂੰਨੀ ਸਲਾਹ ਸ਼ਾਮਲ ਨਹੀਂ ਹੁੰਦੀ। ਚਿੱਤਰ ਅਤੇ ਸਮੱਗਰੀ। ਫਰਵਰੀ 2025 ਨੂੰ ਅਪਡੇਟ ਕੀਤਾ ਗਿਆ

**ਸਥਾਨਕ ਸੰਗਠਨ ਦੀ ਜਾਣਕਾਰੀ**

Licensed under a Creative Commons Attribution-NonCommercial 4.0 Intl. License. (creativecommons.org/licenses/by-nc/4.0)

## ਜੇਕਰ ਆਈਸੀਈ ਏਜੰਟ ਸੜਕ 'ਤੇ ਜਾਂ ਜਨਤਕ ਤੌਰ 'ਤੇ ਮੇਰੇ ਨਾਲ ਨਾਲ ਸੰਪਰਕ ਕਰਦੇ ਹਨ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਜਦੋਂ ਆਈਸੀਈ ਏਜੰਟ ਜਨਤਕ ਤੌਰ 'ਤੇ ਕਿਸੇ ਨੂੰ ਗ੍ਰਿਫਤਾਰ ਕਰਦੇ ਹਨ (ਜਾਂ ਕਿਸੇ ਕਾਰ ਨੂੰ ਰੋਕਣ ਤੋਂ ਬਾਅਦ), ਇਹ ਆਮ ਤੌਰ 'ਤੇ ਇੱਕ ਦਮ ਹੁੰਦਾ ਹੈ। ਉਹ ਤੁਹਾਡਾ ਨਾਮ ਉੱਚੀ ਅਵਾਜ਼ ਵਿੱਚ ਪੁਕਾਰ ਸਕਦੇ ਹਨ ਅਤੇ ਤੁਹਾਨੂੰ ਤੁਹਾਡੇ ਨਾਮ ਦੀ ਪੁਸ਼ਟੀ ਕਰਨ ਲਈ ਕਹਿ ਸਕਦੇ ਹਨ ਅਤੇ ਫਿਰ ਤੁਹਾਨੂੰ ਹਿਰਾਸਤ ਵਿੱਚ ਲੈ ਸਕਦੇ ਹਨ।

- ਆਪਣਾ ਨਾਮ ਜਾਂ ਹੋਰ ਕੁਝ ਕਹਿਣ ਤੋਂ ਪਹਿਲਾਂ, ਪੁੱਛੋ, **"ਕੀ ਮੈਂ ਜਾਣ ਲਈ ਆਜ਼ਾਦ ਹਾਂ?"**
  - **ਜੇਕਰ ਉਹ ਹਾਂ ਕਹਿੰਦੇ ਹਨ**: ਕਹੋ, "ਮੈਂ ਤੁਹਾਡੇ ਸਵਾਲਾਂ ਦਾ ਜਵਾਬ ਨਹੀਂ ਦੇਣਾ ਚਾਹੁੰਦਾ" ਜਾਂ "ਮੈਂ ਇਸ ਵੇਲੇ ਤੁਹਾਡੇ ਨਾਲ ਗੱਲ ਨਹੀਂ ਕਰਾਂਗਾ।" ਅਤੇ ਚਲੇ ਜਾਓ।
  - **ਜੇਕਰ ਉਹ ਨਾਂਹ ਕਹਿੰਦੇ ਹਨ:** ਚੁੱਪ ਰਹਿਣ ਦੇ ਆਪਣੇ ਅਧਿਕਾਰ ਦੀ ਵਰਤੋਂ ਕਰੋ! ਕਹੋ, "ਮੈਂ ਸਵਾਲਾਂ ਦੇ ਜਵਾਬ ਨਾ ਦੇਣ ਦੇ ਆਪਣੇ ਅਧਿਕਾਰ ਦੀ ਵਰਤੋਂ ਕਰਨਾ ਚਾਹੁੰਦਾ ਹਾਂ" ਅਤੇ ਫਿਰ ਕਹੋ ਕਿ "ਮੈਂ ਕਿਸੇ ਵਕੀਲ ਨਾਲ ਗੱਲ ਕਰਨਾ ਚਾਹੁੰਦਾ ਹਾਂ।"
- ਜੇਕਰ ਤੁਹਾਡੀਆਂ ਜੇਬਾਂ ਜਾਂ ਸਮਾਨ ਦੇ ਅੰਦਰ ਤਲਾਸ਼ੀ ਲੈਣੀ ਸ਼ੁਰੂ ਕਰਦੇ ਹਨ, ਤਾਂ ਕਹੋ, **"ਮੈਂ ਤੁਹਾਨੂੰ ਆਪਣੀ ਤਲਾਸ਼ੀ ਲੈਣ ਦੀ ਇਜ਼ਾਜਤ ਨਹੀਂ ਦਿੰਦਾ।"**
- **ਝੂਠ ਨਾ ਬੋਲੋ ਜਾਂ ਝੂਠੇ ਦਸਤਾਵੇਜ਼ ਨਾ ਦਿਖਾਓ। ਨਾ ਹੀ ਭੱਜੋ ਜਾਂ ਅਤੇ ਨਾ ਗ੍ਰਿਫਤਾਰੀ ਦਾ ਵਿਰੋਧ ਨਾ ਕਰੋ।**
- ਆਪਣੀ ਇਮੀਗ੍ਰੇਸ਼ਨ ਸਥਿਤੀ ਜਾਂ ਤੁਹਾਡਾ ਜਨਮ ਕਿੱਥੇ ਹੋਇਆ, ਬਾਰੇ ਪੁੱਛੇ ਗਏ ਸਵਾਲਾਂ ਦੇ ਜਵਾਬ ਨਾ ਦਿਓ। ਉਹ ਤੁਹਾਡੇ ਦੁਆਰਾ ਪ੍ਰਦਾਨ ਕੀਤੀ ਗਈ ਕਿਸੇ ਵੀ ਜਾਣਕਾਰੀ ਦੀ ਵਰਤੋਂ ਤੁਹਾਡੇ ਵਿਰੁੱਧ ਕਰ ਸਕਦੇ ਹਨ। ਕੋਈ ਵੀ ਵਿਦੇਸ਼ੀ ਦਸਤਾਵੇਜ਼ ਜਿਵੇਂ ਕਿ ਪਾਸਪੋਰਟ, ਕੌਂਸਲਰ ਪਹਿਚਾਣ ਪੱਤਰ, ਜਾਂ ਮਿਆਦ ਪੁੱਗਾ ਚੁੱਕੇ ਵੀਜ਼ਾ ਉਨ੍ਹਾਂ ਨੂੰ ਨਾ ਦਿਓ।
- ਜੇਕਰ ਤੁਸੀਂ ਤਾਰੀਖ਼ ਲਈ ਅਪਰਾਧਿਕ ਅਦਾਲਤ ਵਿੱਚ ਹੋ, ਤਾਂ ਅਧਿਕਾਰੀਆਂ ਵੱਲੋਂ ਗ੍ਰਿਫ਼ਤਾਰ ਕੀਤੇ ਜਾਣ ਤੋਂ ਪਹਿਲਾਂ ਆਪਣੇ ਵਕੀਲ ਨਾਲ ਗੱਲ ਕਰਨ ਲਈ ਕਹੋ ਇਸ ਤੋਂ ਪਹਿਲਾਂ ਕਿ ਉਹ ਤੁਹਾਨੂੰ ਲੈ ਜਾਣ।

## ਜੇਕਰ ਅਧਿਕਾਰੀ ਮੇਰੇ ਘਰ ਆ ਜਾਂਦੇ ਹਨ, ਤਾਂ ਕੀ ਮੈਨੂੰ ਪਤਾ ਲੱਗੇਗਾ ਕਿ ਉਹ ਆਈਸੀਈ ਤੋਂ ਹਨ?

ਹਮੇਸ਼ਾ ਨਹੀਂ! ਸਾਵਧਾਨ ਰਹੋ: ਆਈਸੀ ਏਜੰਟ ਅਕਸਰ ਪੁਲਿਸ ਦੇ ਰੂਪ ਵਿੱਚ ਆਉਂਦੇ ਹਨ ਅਤੇ ਕਹਿੰਦੇ ਹਨ ਕਿ ਉਹ ਤੁਹਾਡੇ ਨਾਲ ਪਛਾਣ ਦੀ ਚੋਰੀ ਜਾਂ ਚੱਲ ਰਹੀ ਜਾਂਚ ਬਾਰੇ ਗੱਲ ਕਰਨਾ ਚਾਹੁਣ ਦੀ ਲਈ ਕਹਿੰਦੇ ਹਨ।



## ਕੀ ਆਈਸੀਈ ਦੇ ਏਜੰਟ ਮੇਰੀ ਗ੍ਰਿਫਤਾਰੀ ਲਈ ਮੇਰੇ ਘਰ ਵਿੱਚ ਦਾਖਲ ਹੋ ਸਕਦੇ ਹਨ?

ਜੇਕਰ ਏਜੰਟਾਂ ਕੋਲ ਜੱਜ ਦੁਆਰਾ ਦਸਤਖਤ ਕੀਤੇ ਵਾਰੰਟ ਨਹੀਂ ਹਨ, ਤਾਂ ਉਹ ਕਿਸੇ ਬਾਲਗ ਵਿਅਕਤੀ ਨੂੰ ਉਸਦੀ ਇਜਾਜ਼ਤ ਤੋਂ ਬਿਨਾਂ ਘਰ ਵਿੱਚ ਦਾਖਲ ਨਹੀਂ ਹੋ ਸਕਦੇ ਹਨ। ਦਰਵਾਜ਼ਾ ਖੜਕਾਉਣਾ ਉਨ੍ਹਾਂ ਨੂੰ ਤੁਹਾਡੇ ਘਰ ਵਿੱਚ ਦਾਖਲ ਹੋਣ ਦੀ ਇਜਾਜ਼ਤ ਨਹੀਂ ਦਿੰਦਾ।

## ਸੋ, ਜੇਕਰ ਅਧਿਕਾਰੀ ਮੇਰੇ ਦਰਵਾਜ਼ੇ 'ਤੇ ਹਨ ਤਾਂ ਮੈਂ ਕੀ ਕਰਾਂ?

- ਇਹ ਪਤਾ ਕਰੋ ਕਿ ਉਹ ਡੀਐੱਚਐੱਸ ਤੋਂ ਹਨ ਜਾਂ ਆਈਸੀਈ ਤੋਂ।
- ਸ਼ਾਂਤ ਰਹਿਣ ਦੀ ਕੋਸ਼ਿਸ਼ ਕਰੋ। ਨਿਮਰ ਬਣੋ। ਝੂਠ ਨਾ ਬੋਲੋ। **ਕਹੋ "ਮੈਂ ਇਸ ਵੇਲੇ ਤੁਹਾਡੇ ਨਾਲ ਗੱਲ ਨਹੀਂ ਕਰਨਾ ਚਾਹੁੰਦਾ।"**
- ਨਿਮਰਤਾ ਨਾਲ ਜੱਜ ਦੁਆਰਾ ਦਸਤਖਤ ਕੀਤੇ ਵਾਰੰਟ ਨੂੰ ਦੇਖਣ ਲਈ ਇਸ ਨੂੰ ਦਰਵਾਜ਼ੇ ਦੇ ਹੇਠਾਂ ਖਿਸਕਾਉਣ ਲਈ ਕਹੋ। ਜੇ ਉਹਨਾਂ ਕੋਲ ਅਜਿਹਾ ਕੁਝ ਨਹੀਂ ਹੈ, ਤਾਂ ਉਹਨਾਂ ਨੂੰ ਅੰਦਰ ਆਉਣ ਦੇਣ ਤੋਂ ਇਨਕਾਰ ਕਰੋ।
- ਜੇਕਰ ਉਹ ਕਿਸੇ ਹੋਰ ਨੂੰ ਲੱਭ ਰਹੇ ਹਨ, ਤਾਂ **ਉਹਨਾਂ ਨੂੰ ਸੰਪਰਕ ਜਾਣਕਾਰੀ ਛੱਡਣ ਲਈ ਕਹੋ।** ਤੁਹਾਨੂੰ ਉਹਨਾਂ ਨੂੰ ਇਹ ਦੱਸਣ ਦੀ ਲੋੜ ਨਹੀਂ ਹੈ ਕਿ ਵਿਅਕਤੀ ਕਿੱਥੇ ਲੱਭਣਾ ਹੈ ਅਤੇ **ਤੁਹਾਨੂੰ ਝੂਠ ਨਹੀਂ ਬੋਲਣਾ ਚਾਹੀਦਾ।**

## ਜੇਕਰ ਆਈਸੀਈ ਗ੍ਰਿਫਤਾਰੀ ਲਈ ਮੇਰੇ ਘਰ ਦੇ ਅੰਦਰ ਹੋਣ ਤਾਂ ਮੈਂ ਕੀ ਕਰ ਸਕਦਾ/ਸਕਦੀ ਹਾਂ?

- ਉਹਨਾਂ ਨੂੰ ਦੱਸੋ ਜੇਕਰ ਘਰ ਵਿੱਚ ਬੱਚੇ ਜਾਂ ਹੋਰ ਕਮਜ਼ੋਰ ਸਿਹਤ ਵਾਲੇ ਪਰਿਵਾਰਕ ਮੈਂਬਰ ਹਨ।
- ਜੇਕਰ ਉਹਨਾਂ ਕੋਲ ਜੱਜ ਦੁਆਰਾ ਦਸਤਖਤ ਕੀਤੇ ਵਾਰੰਟ ਨਾ ਹੋਣ ਤਾਂ ਉਹਨਾਂ ਨੂੰ ਬਾਹਰ ਜਾਣ ਲਈ ਕਹੋ
- ਜੇਕਰ ਉਹ ਤੁਹਾਡੀ ਇਜਾਜ਼ਤ ਤੋਂ ਬਿਨਾਂ ਅੰਦਰ ਆਏ ਹਨ, ਤਾਂ ਉਹਨਾਂ ਨੂੰ ਕਹੋ **"ਮੈਂ ਆਪਣੇ ਘਰ ਵਿੱਚ ਤੁਹਾਡੀ ਮੌਜੂਦਗੀ ਨਾਲ ਸਹਿਮਤ ਨਹੀਂ ਹਾਂ। ਕਿਰਪਾ ਕਰਕੇ ਇਥੋਂ ਜਾਓ।"**
- ਜੇਕਰ ਉਹ ਤੁਹਾਡੇ ਘਰ ਦੇ ਕਮਰਿਆਂ ਜਾਂ ਚੀਜ਼ਾਂ ਦੀ ਤਲਾਸ਼ੀ ਲੈਣਾ ਸ਼ੁਰੂ ਕਰ ਦਿੰਦੇ ਹਨ ਹਨ, ਤਾਂ ਉਹਨਾਂ ਨੂੰ ਕਹੋ, **"ਮੈਂ ਤੁਹਾਡੇ ਵੱਲੋਂ ਲਈ ਜਾ ਰਹੀ ਤਲਾਸ਼ੀ ਨਾਲ ਸਹਿਮਤ ਨਹੀਂ ਹਾਂ।"**
- ਜੇਕਰ ਆਈਸੀਈ ਅਧਿਕਾਰੀ ਤੁਹਾਨੂੰ ਗ੍ਰਿਫਤਾਰ ਕਰ ਰਹੇ ਹਨ, ਤਾਂ ਉਹਨਾਂ ਨੂੰ ਦੱਸੋ ਕਿ ਕੀ ਤੁਹਾਨੂੰ ਡਾਕਟਰੀ ਸਮੱਸਿਆਵਾਂ ਹਨ ਜਾਂ ਬੱਚਿਆਂ ਦੀ ਦੇਖਭਾਲ ਲਈ ਪ੍ਰਬੰਧ ਕਰਨ ਦੀ ਲੋੜ ਹੈ।

## ਜੇਕਰ ਮੈਨੂੰ ਆਈਸੀਈ ਦੁਆਰਾ ਗ੍ਰਿਫਤਾਰ ਕੀਤਾ ਜਾ ਰਿਹਾ ਹੈ ਤਾਂ ਮੇਰੇ ਅਧਿਕਾਰ ਕੀ ਹਨ?

- ਤੁਹਾਨੂੰ ਚੁੱਪ ਰਹਿਣਾ ਹੋਵੇਗਾ। **ਤੁਹਾਨੂੰ ਵਕੀਲ ਨਾਲ ਗੱਲ ਕਰਨ ਦਾ ਹੱਕ ਹੈ।**
- ਝੂਠ ਨਾ ਬੋਲੋ। ਇਹ ਭਵਿੱਖ ਵਿੱਚ ਤੁਹਾਨੂੰ ਨੁਕਸਾਨ ਪਹੁੰਚਾ ਸਕਦਾ ਹੈ।
- ਤੁਹਾਨੂੰ ਇਸ ਬਾਰੇ ਕੋਈ ਜਾਣਕਾਰੀ ਸਾਂਝੀ ਕਰਨ ਦੀ ਲੋੜ ਨਹੀਂ ਹੈ ਜਿਵੇਂ ਕਿ ਕਿ ਤੁਸੀਂ ਕਿੱਥੇ ਪੈਦਾ ਹੋਏ ਸੀ, ਤੁਹਾਡੀ ਇਮੀਗ੍ਰੇਸ਼ਨ ਸਥਿਤੀ ਕੀ ਹੈ, ਜਾਂ ਤੁਹਾਡਾ ਅਪਰਾਧਿਕ ਰਿਕਾਰਡ। ਸਵਾਲਾਂ ਦੇ ਜਵਾਬ ਦੇਣ ਦੀ ਬਜਾਏ ਕਿਸੇ ਵਕੀਲ ਨਾਲ ਗੱਲ ਕਰਨ ਲਈ ਕਹੋ।
- **ਤੁਹਾਨੂੰ ਉਹਨਾਂ ਨੂੰ ਆਪਣੇ ਕੌਂਸਲਰ ਦਸਤਾਵੇਜ਼ ਜਾਂ ਪਾਸਪੋਰਟ ਦੇਣ ਦੀ ਲੋੜ ਨਹੀਂ ਹੈ ਜਦੋਂ ਤੱਕ ਉਹਨਾਂ ਕੋਲ ਜੱਜ ਦਾ ਦਸਤਖਤ ਕੀਤਾ ਕੋਈ ਵਾਰੰਟ ਨਾਂ ਹੋਵੇ।**
- **ਤੁਹਾਨੂੰ ਕਿਸੇ ਵੀ ਦਸਤਾਵੇਜ਼ 'ਤੇ ਦਸਤਖਤ ਕਰਨ ਦੀ ਲੋੜ ਨਹੀਂ ਹੈ।**




IDP IMMIGRANT DEFENSE PROJECT
KYR@immdefense.org